CENSUS • RECENSEMENT

2016

www.census.gc.ca www.recensement.gc.ca

# ਜਨਗਣਨਾ ਅਤੇ ਤੁਸੀਂ

## ਜਨਗਣਨਾ ਕੀ ਹੈ?

ਕੈਨੇਡਾ ਵਿੱਚ, ਜਨਗਣਨਾ ਹਰੇਕ ਪੰਜ ਸਾਲਾਂ ਵਿੱਚ ਕੀਤੀ ਜਾਂਦੀ ਹੈ। ਅਗਲੀ ਜਨਗਣਨਾ ਮਈ 2016 ਵਿੱਚ ਹੋਵੇਗੀ ਅਤੇ ਇਹ ਦੇਸ਼ ਅਤੇ ਇਸਦੀ ਜਨਤਾ ਦਾ ਅੰਕੜੇ ਸੰਬੰਧੀ ਵਰਣਨ ਮੁਹੱਈਆ ਕਰੇਗੀ।

ਕੈਨੇਡਾ ਵਿੱਚ, ਸਾਰੇ ਨਿਵਾਸੀਆਂ ਲਈ ਜਨਗਣਨਾ ਵਿੱਚ ਭਾਗ ਲੈਣਾ ਲਾਜ਼ਮੀ ਹੈ। ਇਸ ਵਿੱਚ ਕੈਨੇਡਾ ਦੇ ਨਾਗਰਿਕ, ਲੈਂਡਿਡ ਪ੍ਰਵਾਸੀ (ਸਥਾਈ ਨਿਵਾਸੀ), ਸ਼ਰਨਾਰਥੀ ਦਾਅਵੇਦਾਰ ਅਤੇ ਉਹ ਲੋਕ ਸ਼ਾਮਲ ਹਨ, ਜਿਹਨਾਂ ਕੋਲ ਵਰਕ ਜਾਂ ਸਟਡੀ ਪਰਮਿਟ ਹੈ।

## ਜਨਗਣਨਾ ਕਿਵੇਂ ਕੀਤੀ ਜਾਂਦੀ ਹੈ?

ਹਰੇਕ ਪਰਿਵਾਰ ਨੂੰ ਮਈ 2016 ਦੇ ਸ਼ੁਰੂ ਵਿੱਚ ਜਨਗਣਨਾ ਬਾਰੇ ਨਿਰਦੇਸ਼ ਪ੍ਰਾਪਤ ਹੋਣਗੇ। ਉਸ ਸਮੇਂ, ਤੁਸੀਂ ਇਹ ਨਿਰਧਾਰਿਤ ਕਰ ਸਕਦੇ ਹੋ ਕਿ ਤੁਹਾਡਾ ਪਰਿਵਾਰ ਜਨਗਣਨਾ ਪ੍ਰਸ਼ਨਾਵਲੀ ਔਨਲਾਈਨ ਪੂਰੀ ਕਰੇਗਾ ਜਾਂ ਕਾਗਜ਼ `ਤੇ।

## ਮੇਰੇ ਵੱਲੋਂ ਮੁਹੱਈਆ ਕੀਤੀ ਜਾਣ ਵਾਲੀ ਜਾਣਕਾਰੀ ਨਾਲ ਕੀ ਕੀਤਾ ਜਾਂਦਾ ਹੈ?

ਤੁਹਾਡੇ ਵੱਲੋਂ ਮੁਹੱਈਆ ਕੀਤੀ ਜਾਣਕਾਰੀ ਸਟੇਟਿਸਟਿਕਸ ਐਕਟ ਦੇ ਮੁਤਾਬਕ, ਗੁਪਤ ਰੱਖੀ ਜਾਏਗੀ। ਤੁਹਾਡੀ ਜਾਣਕਾਰੀ ਸਟੇਟਿਸਟਿਕਸ ਕੈਨੇਡਾ ਵੱਲੋਂ ਸਾਡੇ ਹੋਰ ਸਰਵੇਖਣਾਂ ਦੇ ਸਹਿਯੋਗ ਵਿੱਚ ਜਾਂ ਵਿਸ਼ਲੇਸ਼ਣ ਲਈ ਵਰਤੀ ਜਾ ਸਕਦੀ ਹੈ। ਸਟੇਟਿਸਟਿਕਸ ਕੈਨੇਡਾ ਤੋਂ ਬਾਹਰ ਦਾ ਕੋਈ ਵੀ ਵਿਅਕਤੀ ਉਸ ਜਾਣਕਾਰੀ ਤੱਕ ਨਹੀਂ ਪਹੁੰਚ ਸਕਦਾ, ਜੋ ਵਿਅਕਤੀਆਂ ਦੀ ਪਛਾਣ ਕਰਦੀ ਹੈ।

## ਪ੍ਰਸ਼ਨਾਵਲੀ ਪੂਰੀ ਕਰਨੀ ਕਿਸ ਲਈ ਲਾਜ਼ਮੀ ਹੈ?

ਕੈਨੇਡਾ ਵਿੱਚ, ਸਾਰੇ ਨਿਵਾਸੀਆਂ ਲਈ ਜਨਗਣਨਾ ਪ੍ਰਸ਼ਨਾਵਲੀ ਪੂਰੀ ਕਰਨੀ ਲਾਜ਼ਮੀ ਹੈ। ਇਸ ਬਾਰੇ ਜਾਣਕਾਰੀ ਕਿ ਪ੍ਰਸ਼ਨਾਵਲੀ ਵਿੱਚ ਕਿਸਨੂੰ ਸ਼ਾਮਲ ਕੀਤਾ ਜਾਏ, ਜਨਗਣਨਾ ਵੈਬਸਾਈਟ ਤੇ ਅਤੇ ਪ੍ਰਸ਼ਨਾਵਲੀ ਵਿੱਚ ''ਚਰਨ B ਵਿੱਚ ਕਿਸਨੂੰ ਸ਼ਾਮਲ ਕੀਤਾ ਜਾਏ'' ਭਾਗ ਵਿੱਚ ਦੇਖੀ ਜਾ ਸਕਦੀ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਘਰ ਵਿੱਚ ਅਜਿਹਾ(ਅਜਿਹੇ) ਵਿਅਕਤੀ ਹੋ ਸਕਦਾ ਹੈ, ਜਿਸਨੂੰ ਜਨਗਣਨਾ ਪ੍ਰਸ਼ਨਾਵਲੀ ਪੂਰੀ ਨਹੀਂ ਕਰਨੀ ਚਾਹੀਦੀ, ਤਾਂ ਜਨਗਣਨਾ ਹੈਲਪ ਲਾਈਨ (Census Help Line) ਨੂੰ 1-855-700-2016 ਤੇ ਫੋਨ ਕਰੋ, ਜੋ 2 ਮਈ, 2016 ਨੂੰ ਸ਼ੁਰੂ ਹੋਵੇਗੀ।

CENSUS • RECENSEMENT

2016

www.census.gc.ca www.recensement.gc.ca

## ਮੇਰੇ ਜਵਾਬਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?

ਜਨਗਣਨਾ ਲਈ ਤੁਹਾਡੇ ਜਵਾਬ ਉਹ ਅੰਕੜੇ ਇਕੱਤਰ ਕਰਨ ਲਈ ਕੈਨੇਡਾ ਵਿੱਚ ਰਹਿਣ ਵਾਲੇ ਹਰੇਕ ਵਿਅਕਤੀ ਦੇ ਜਵਾਬਾਂ ਵਿੱਚ ਜੋੜੇ ਜਾਣਗੇ, ਜੋ ਸੇਵਾਵਾਂ ਦੀ ਯੋਜਨਾ ਬਣਾਉਣ ਵਿੱਚ ਸਮੁਦਾਇਆਂ ਦੀ ਸਹਾਇਤਾ ਕਰਦੇ ਹਨ ਜਿਵੇਂ ਡੇ ਕੇਅਰ ਕੇਂਦਰ, ਸਕੂਲ, ਸਿਹਤ ਦੇਖਭਾਲ, ਭਾਸ਼ਾ ਕਲਾਸਾਂ, ਪੁਲਿਸ, ਅੱਗ ਤੋਂ ਸੁਰੱਖਿਆ ਅਤੇ ਬਜ਼ੁਰਗਾਂ ਲਈ ਰਿਹਾਇਸ਼।

## ਮੈਨੂੰ ਜਨਗਣਨਾ ਵਿੱਚ ਭਾਗ ਕਿਉਂ ਲੈਣਾ ਚਾਹੀਦਾ ਹੈ?

ਤੁਹਾਨੂੰ, ਤੁਹਾਡੇ ਪਰਿਵਾਰ ਅਤੇ ਤੁਹਾਡੇ ਸਮੁਦਾਏ ਨੂੰ ਜਨਗਣਨਾ ਤੋਂ ਲਾਭ ਹੁੰਦਾ ਹੈ। ਜਦੋਂ ਤੁਸੀਂ ਜਨਗਣਨਾ ਵਿੱਚ ਭਾਗ ਲੈਂਦੇ ਹੋ, ਤਾਂ ਇਹ ਤੁਹਾਡੇ ਸਮੁਦਾਏ ਲਈ ਬਿਹਤਰ ਜਾਣਕਾਰੀ ਦਿੰਦੀ ਹੈ।

ਕੈਨੇਡਾ ਦੇ ਇੱਕ ਕਨੂੰਨ ਦੇ ਮੁਤਾਬਕ ਵੀ ਤੁਹਾਡੇ ਲਈ ਜਨਗਣਨਾ ਪ੍ਰਸ਼ਨਾਵਲੀ ਵਿੱਚ ਪੁੱਛੇ ਗਏ ਸਵਾਲਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਹ ਕਨੂੰਨ, ਸਟੇਟਿਸਟਿਕਸ ਐਕਟ (Statistics Act), ਇਹ ਵੀ ਯਕੀਨੀ ਬਣਾਉਂਦਾ ਹੈ ਕਿ ਤੁਹਾਡੀ ਜਨਗਣਨਾ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ।

## ਅਸੀਂ ਤੁਹਾਡੇ `ਤੇ ਨਿਰਭਰ ਹਾਂ!

ਜਨਗਣਨਾ ਨੂੰ ਪੂਰਾ ਕਰਨਾ ਕੈਨੇਡਾ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਦੀ ਨਾਗਰਿਕ ਜ਼ਿੰਮੇਵਾਰੀ ਅਤੇ ਕਨੂੰਨੀ ਲੋੜ ਦੋਵੇਂ ਹਨ। ਜਦੋਂ ਤੁਸੀਂ ਆਪਣੀ ਜਨਗਣਨਾ ਪ੍ਰਸ਼ਨਾਵਲੀ ਪੂਰੀ ਕਰਦੇ ਹੋ, ਤਾਂ ਤੁਸੀਂ ਇੱਕ ਪਰੰਪਰਾ ਨੂੰ ਕਾਇਮ ਰੱਖਦੇ ਹੋ, ਜੋ 350 ਸਾਲਾਂ ਤੋਂ ਚੱਲੀ ਆ ਰਹੀ ਹੈ—1666 ਵਿੱਚ ਕੁਝ ਅਰੰਭਿਕ ਪਿੰਡਾਂ ਤੋਂ ਲੈ ਕੇ ਅੱਜ ਦੇ ਵਿਸ਼ਾਲ ਅਤੇ ਖੁਸ਼ਹਾਲ ਦੇਸ਼ ਤੱਕ।

## ਜੇ ਮੈਨੂੰ ਸਹਾਇਤਾ ਦੀ ਲੋੜ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਸੀਂ 2 ਮਈ, 2016 ਤੋਂ ਜਨਗਣਨਾ ਹੈਲਪ ਲਾਈਨ (Census Help Line - CHL) ਨੂੰ 1-855-700-2016 `ਤੇ, ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ, ਜਾਂ ਸਨਿੱਚਰਵਾਰ ਅਤੇ ਐਤਵਾਰ ਨੂੰ ਸਵੇਰੇ 8:30 ਵਜੇ ਤੋਂ ਸ਼ਾਮ 4:30 ਤੱਕ ਫੋਨ ਕਰ ਸਕਦੇ ਹੋ, ਜੇਕਰ:

- ਤੁਹਾਨੂੰ ਆਪਣੀ ਪ੍ਰਸ਼ਨਾਵਲੀ ਪੂਰੀ ਕਰਨ ਵਿੱਚ ਸਹਾਇਤਾ ਦੀ ਲੋੜ ਹੈ ਜਾਂ ਤੁਸੀਂ ਜਨਗਣਨਾ ਬਾਰੇ ਜਾਣਕਾਰੀ ਚਾਹੁੰਦੇ ਹੋ
- ਤੁਹਾਡੇ ਪਰਿਵਾਰ ਵਿੱਚ ਕੋਈ ਵਿਅਕਤੀ ਵੱਖਰੀ ਪ੍ਰਸ਼ਨਾਵਲੀ ਪੂਰੀ ਕਰਨਾ ਚਾਹੁੰਦਾ ਹੈ
- ਤੁਹਾਨੂੰ ਆਪਣੇ ਪਰਿਵਾਰ ਲਈ ਇੱਕ ਤੋਂ ਵੱਧ ਪ੍ਰਸ਼ਨਾਵਲੀਆਂ ਦੀ ਲੋੜ ਹੈ
- ਤੁਸੀਂ ਇੱਕ ਨਵੀਂ ਜਨਗਣਨਾ ਪ੍ਰਸ਼ਨਾਵਲੀ ਜਾਂ ਫ੍ਰਾਂਸੀਸੀ ਵਿੱਚ ਪ੍ਰਸ਼ਨਾਵਲੀ ਚਾਹੁੰਦੇ ਹੋ
- ਤੁਸੀਂ ਅੰਗਰੇਜ਼ੀ ਜਾਂ ਫ੍ਰਾਂਸੀਸੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਸਵਾਲਾਂ ਦੀ ਇੱਕ ਕਾਪੀ ਚਾਹੁੰਦੇ ਹੋ।

ਜਨਗਣਨਾ ਹੈਲਪ ਲਾਈਨ (CHL) ਇੱਕ ਮੁਫ਼ਤ ਸੇਵਾ ਹੈ ਅਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ